# ਸਕੂਲ ਦੀ ਲਾਇਬ੍ਰੇਰੀ ਨੂੰ ਸਚਾਰੂ ਢੰਗ ਨਾਲ਼ ਚਲਾਉਣ ਲਈ ਸਕੂਲ ਮੁਖੀ ਨੂੰ ਬਿਨੈ-ਪੱਤਰ ਲਿਖੋ ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,

ਸਰਕਾਰੀ ਹਾਈ ਸਕੂਲ,

ਪਿੰਡ............।

ਵਿਸ਼ਾ :- ਲਾਇਬ੍ਰੇਰੀ ਨੂੰ ਸਚਾਰੂ ਢੰਗ ਨਾਲ਼ ਚਲਾਉਣ ਸਬੰਧੀ ।

ਸ੍ਰੀਮਾਨ ਜੀ,

ਅਸੀਂ ਨੌਵੀਂ ਜਮਾਤ ਦੇ ਸਮੂਹ ਵਿਦਿਆਰਥੀ ਆਪ ਜੀ ਦਾ ਧਿਆਨ ਆਪਣੇ ਸਕੂਲ ਦੀ ਲਾਇਬ੍ਰੇਰੀ ਵੱਲ ਦਿਵਾਉਣਾ ਚਾਹੁੰਦੇ ਹਾਂ। ਆਪਣੇ ਸਕੂਲ ਦੀ ਲਾਇਬ੍ਰੇਰੀ ਹਮੇਸ਼ਾਂ ਬੰਦ ਰਹਿੰਦੀ ਹੈ , ਕੋਈ ਵੀ ਵਿਦਿਆਰਥੀ ਨੂੰ ਜਦੋਂ ਕਿਸੇ ਕਿਤਾਬ ਦੀ ਲੋੜ ਪੈਂਦੀ ਹੈ ਤਾਂ ਉਸ ਨੂੰ ਆਪਣੀ ਮਰਜ਼ੀ ਅਨੁਸਾਰ ਕਿਤਾਬ ਪ੍ਰਾਪਤ ਨਹੀਂ ਹੁੰਦੀ । ਵਿਦਿਆਰਥੀਆਂ ਦਾ ਕੋਈ ਵੀ ਪੀਰੀਅਡ ਲਾਇਬ੍ਰੇਰੀ ਵਿੱਚ ਨਹੀਂ ਲਗਾਇਆ ਜਾਂਦਾ । ਜੇਕਰ ਕੋਈ ਪੀਰੀਅਡ ਲਾਇਬ੍ਰੇਰੀ ਵਿੱਚ ਲੱਗਦਾ ਵੀ ਹੈ ਤਾਂ ਉੱਥੇ ਵਿਦਿਆਰਥੀ ਸਿਰਫ਼ ਬੈਠ ਕੇ ਆ ਜਾਂਦੇ ਹਨ । ਸਾਰੀਆਂ ਕਿਤਾਬਾਂ ਅਲਮਾਰੀਆਂ ਵਿੱਚ ਰੱਖ ਕੇ ਜ਼ਿੰਦਾ ਲਗਾਇਆ ਗਿਆ ਹੈ । ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੇ ਬੈਠਣ ਲਈ ਵੀ ਉਚਿਤ ਪ੍ਰਬੰਧ ਨਹੀਂ ਹੈ । ਵਿਦਿਆਰਥੀਆਂ ਨੂੰ ਥੱਲੇ ਦਰੀ 'ਤੇ ਹੀ ਬੈਠਣਾ ਪੈਂਦਾ ਹੈ ।

ਇਸ ਲਈ ਨੌਵੀਂ ਜਮਾਤ ਵੱਲੋਂ ਆਪ ਜੀ ਅੱਗੇ ਬੇਨਤੀ ਹੈ ਕਿ ਆਪਣੇ ਸਕੂਲ ਦੀ ਲਾਇਬ੍ਰੇਰੀ ਨੂੰ ਸੁਚਾਰੂ ਢੰਗ ਨਾਲ਼ ਚਲਾਉਣ ਦੀ ਲੋੜ ਹੈ । ਲਾਇਬ੍ਰੇਰੀ ਵਿੱਚ ਘੱਟ ਤੋਂ ਘੱਟ 20 ਵਿਦਿਆਰਥੀਆਂ ਦੇ ਇੱਕੋ ਸਮੇਂ ਬੈਠ ਕੇ ਪੜ੍ਹਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਲਾਇਬ੍ਰੇਰੀ ਨੂੰ ਹਰ ਰੋਜ਼ ਸਮੇਂ ਸਿਰ ਖੋਲ੍ਹਿਆ ਜਾਣਾ ਚਾਹੀਦਾ ਹੈ ਤਾਂ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਕੋਈ ਕਿਤਾਬ ਦੀ ਜ਼ਰੂਰਤ ਹੋਵੇ ਤਾਂ ਉਹ ਬੇਝਿਜਕ ਕਿਤਾਬ ਪ੍ਰਾਪਤ ਕਰ ਸਕੇ । ਸਾਡੇ ਸਕੂਲ ਦੀ ਲਾਇਬ੍ਰੇਰੀ ਵਿਚ ਪ੍ਰੀਤਲੜੀ, ਪੰਖੜੀਆਂ, ਵਿਗਿਆਨਕ ਸੋਚ ਰਸਾਲਿਆਂ ਦੀ ਕੇਵਲ ਇੱਕ-ਇੱਕ ਕਾਪੀ ਹੀ ਆਉਂਦੀ ਹੈ ਜਿਸ ਕਰਕੇ ਵਿਦਿਆਰਥੀਆਂ ਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ । ਇਸ ਲਈ ਇਹਨਾਂ ਦੀਆਂ ਘੱਟ ਤੋਂ ਘੱਟ ਤਿੰਨ-ਤਿੰਨ ਕਾਪੀਆਂ ਮੰਗਵਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਪੰਜਾਬੀ ਅਖ਼ਬਾਰ ਦੇ ਨਾਲ਼-ਨਾਲ਼ ਅੰਗਰੇਜ਼ੀ ਅਖ਼ਬਾਰ ਵੀ ਲਗਵਾਉਣਾ ਚਾਹੀਦਾ ਹੈ । ਸਾਰੇ ਵਿਦਿਆਰਥੀਆਂ ਦਾ ਐਡਜਸਟਮੈਂਟ ਵਾਲ਼ਾ ਪੀਰੀਅਡ ਲਾਇਬ੍ਰੇਰੀ ਵਿੱਚ ਹੀ ਲੱਗਣਾ ਚਾਹੀਦਾ ਹੈ । ਲਾਇਬ੍ਰੇਰੀ ਦੀ ਕਿਸੇ ਵੀ ਅਲਮਾਰੀ ਨੂੰ ਜ਼ਿੰਦਾ ਨਹੀਂ ਲੱਗਿਆ ਹੋਣਾ ਚਾਹੀਦਾ ਤਾਂ ਕਿ ਹਰ ਵਿਦਿਆਰਥੀ ਆਪਣੀ ਮਰਜ਼ੀ ਨਾਲ਼ ਕਿਤਾਬ ਦੀ ਚੋਣ ਕਰ ਸਕੇ ।

ਸਾਨੂੰ ਉਮੀਦ ਹੈ ਕਿ ਤੁਸੀਂ ਉਪਰੋਕਤ ਸਮੱਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਕਰੋਗੇ ।

ਧੰਨਵਾਦ ਸਹਿਤ।

ਆਪ ਜੀ ਦੇ ਆਗਿਆਕਾਰ,

ਸਮੂਹ ਵਿਦਿਆਰਥੀ,

ਜਮਾਤ ਨੌਵੀਂ।

ਮਿਤੀ : 24 ਅਕਤੂਬਰ, 2020.